(This question paper contains 1 printed page)

Roll No.

Sl. No of Question Paper: 1837

Unique Paper Code: 212162

D

Name of the Paper: Punjabi Lower (Qualifying)

Name of the Course: B.A. (Hons.) Punjabi

Semester: I

**Duration : 3 hrs** **Max Marks : 100**

ਨੋਟ : ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ।

### ਭਾਗ ਪਹਿਲਾ

1. ਪਾਠ-ਪੁਸਤਕ 'ਕਥਾ ਕਹਾਣੀ' ਦੀਆਂ ਹੇਠਾਂ ਲਿਖੀਆਂ ਕਹਾਣੀਆਂ ਵਿਚੋਂ ਕਿਸੇ ਇਕ ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ:
ੳ) ਗੁਟਾਰ ਅ) ਰਾਮ ਲੀਲਾ ੲ) ਸਾਂਝ 20

2. ਪੰਜਾਬੀ ਦੇ ਹੇਠਾਂ ਲਿਖੇ ਕਹਾਣੀਕਾਰਾਂ ਵਿਚੋਂ ਕਿਸੇ ਇਕ ਨਾਲ ਜਾਣ-ਪਛਾਣ ਕਰਾਉ : 10
ਗੁਰਬਖ਼ਸ਼ ਸਿੰਘ, ਮੋਹਨ ਭੰਡਾਰੀ, ਕਰਤਾਰ ਸਿੰਘ ਦੁੱਗਲ
ਜਾਂ
ਨਿੱਕੀ-ਕਹਾਣੀ ਬਾਰੇ ਤੁਸੀਂ ਕੀ ਜਾਣਦੇ ਹੋ? ਵਿਸਥਾਰ ਵਿਚ ਲਿਖੋ।

3. ਹੇਠਾਂ ਲਿਖੇ ਸ਼ਬਦਾਂ ਦਾ ਪੰਜਾਬੀ 'ਚ ਅਨੁਵਾਦ ਕਰੋ : 15
Folk Dance, Actress, Symbol, Subject, Noun, Traditional, Image, Action, Exercise, Sentence, Humanity, Prose, Poetry, Printer, Culture.

4. ਸੂਚਨਾ-ਤਕਨਾਲੋਜੀ ਦੀ ਪਰਿਭਾਸ਼ਾ ਦੱਸਦਿਆਂ, ਇਸਦੇ ਭਾਸ਼ਾਈ ਸੰਬੰਧਾਂ ਉੱਤੇ ਨੋਟ ਲਿਖੋ। 20
ਜਾਂ
''ਇੰਟਰਨੈੱਟ, ਸੂਚਨਾ ਪ੍ਰਾਪਤੀ ਦਾ ਵੱਧੀਆ ਮਾਧਿਅਮ ਹੈ'' ਇਸ ਬਾਰੇ ਆਪਣੇ ਵਿਚਾਰ ਲਿਖੋ।

5. ਕਾਲਜ ਦੇ ਪ੍ਰਿੰਸੀਪਲ ਨੂੰ ਲਾਇਬ੍ਰੇਰੀ ਵਿਚ ਵਿਸ਼ੇਸ਼ ਪੁਸਤਕਾਂ ਮੰਗਵਾਉਣ ਲਈ ਬਿਨੈ-ਪੱਤਰ ਲਿਖੋ। 15
ਜਾਂ
ਆਪਣੇ ਇਲਾਕੇ ਦੇ ਥਾਣਾ ਇੰਚਾਰਜ ਨੂੰ ਮੁਹੱਲੇ ਵਿਚ ਵੱਧ ਰਹੀਆਂ ਚੋਰੀਆਂ ਨੂੰ ਰੁਕਵਾਉਣ ਲਈ ਪੱਤਰ ਲਿਖੋ।

6. ਹੇਠਾਂ ਲਿਖੇ ਵਿਸ਼ਿਆਂ ਵਿਚੋਂ ਕਿਸੇ ਇਕ 'ਤੇ ਪੈਰ੍ਹਾ ਲਿਖੋ : 10
ੳ) ਵਿਦਿਆਰਥੀ ਅਤੇ ਰਾਜਨੀਤੀ
ਅ) ਸਮੇਂ ਦੀ ਕਦਰ
ੲ) ਕਾਲਜ ਦੀ ਪੜ੍ਹਾਈ
ਅ) ਭ੍ਰਿਸ਼ਟਾਚਾਰ

7. ਹੇਠਾਂ ਲਿਖੇ ਪੈਰ੍ਹੇ ਦੀ ਸੰਖੇਪ-ਰਚਨਾ ਕਰੋ ਅਤੇ ਢੁੱਕਵਾਂ ਸਿਰਲੇਖ ਵੀ ਦਿਉ : 10
''ਲੋਕ-ਸਾਹਿਤ, ਲੋਕਧਾਰਾ ਦਾ ਅੰਗ ਹੋਣ ਕਰਕੇ ਸਮਾਜਕ ਤੇ ਸਾਂਸਕ੍ਰਿਤਕ ਪੱਖ ਤੋਂ ਵੀ ਵਿਸ਼ੇਸ਼ ਮਹੱਤਵ ਰੱਖਦਾ ਹੈ। ਇਸ ਵਿਚ ਜਾਤੀ ਦੀ ਲੋਕ-ਸੰਸਕ੍ਰਿਤੀ ਪੂਰੀ ਤਰ੍ਹਾਂ ਪ੍ਰਤਿਬਿੰਬਤ ਹੁੰਦੀ ਹੈ। ਕੋਈ ਸੰਸਕ੍ਰਿਤੀ ਸਦੀਆਂ ਦੇ ਲੰਬੇ ਪੈਂਡੇ ਮਾਰਦਿਆਂ, ਜਿਨ੍ਹਾਂ ਜਿਨ੍ਹਾਂ ਪੜਾਵਾਂ ਤੋਂ ਲੰਘਦੀ ਹੈ ਤੇ ਇਸ ਦੌਰਾਨ ਜਿਨ੍ਹਾਂ ਦੂਜੀਆਂ ਸੰਸਕ੍ਰਿਤੀਆਂ ਨਾਲ ਉਸ ਦਾ ਆਦਾਨ-ਪ੍ਰਦਾਨ ਹੁੰਦਾ ਹੈ, ਉਸ ਦੀਆਂ ਰੂੜ੍ਹੀਆਂ ਲੋਕ-ਸਾਹਿਤ ਵਿਚ ਪੂਰੀ ਤਰ੍ਹਾਂ ਜੀਉਂਦੀਆਂ ਰਹਿੰਦੀਆਂ ਹਨ।''

੦੦੦